**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ.ਨਗਰ**
**ਚੌਥੀ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ।**
**(ਵਜੀਫਾ ਸਾਖਾ)**

ਸੇਵਾ ਵਿਖੇ

ਸਮੂਹ ਮੰਡਲ ਸਿਖਿਆ ਅਫਸਰ
ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ)
ਪੰਜਾਬ ਰਾਜ ਦੇ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲ /ਸਕੂਲ ਮੁੱਖੀ

ਮੀਮੋ ਨੰ. **20/2**-16 ਵਜੀਫਾ (2)
ਮਿਤੀ:-10-10-2017

ਵਿਸ਼ਾ:- ਪੋਸਟ ਮੈਟ੍ਰਿਕ ਐਸ.ਸੀ/ਓ.ਬੀ.ਸੀ ਸਕੀਮ ਅਧੀਨ ਸਾਲ 2017-18 ਦੌਰਾਨ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਤੋਂ ਲਈਆਂ ਜਾਣ ਵਾਲੀਆਂ ਫੀਸਾਂ ਦੀ ਰੀਇੰਮਬਰਸਮੈਂਟ ਸਬੰਧੀ।

ਹਵਾਲਾ - ਸਰਕਾਰ ਦੇ ਪੱਤਰ ਨੰ: 10/1/14-4ਸਿ5/1079976/1-8 ਮਿਤੀ 09-10-2017 ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਰਾਹੀਂ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰ:10/1-2014-4ਸਿ5/452194/2-5 ਮਿਤੀ 1-04-2015 ਵਾਪਸ ਲਈ ਗਈ ਹੈ। ਇਸ ਲਈ ਸਾਲ 2017-18 ਤੋਂ ਭਲਾਈ ਵਿਭਾਗ ਦੀ ਨੋਟੀਫਿਕੇਸ਼ਨ ਨੰ: 3/94/2016-ਐਸ.ਏ./1493 ਮਿਤੀ 22-7-2016 ਅਤੇ 3/94/16-ਐਸ.ਏ./1631 ਮਿਤੀ 2-8-2017 ਅਨੁਸਾਰ ਹੀ ਭਲਾਈ ਵਿਭਾਗ ਵੱਲੋਂ ਸਰਕਾਰੀ ਸੰਸਥਾਵਾਂ ਦੇ ਬਰਾਬਰ ਹੀ ਪ੍ਰਾਈਵੇਟ ਸਕੂਲਾਂ ਨੂੰ ਫੀਸਾਂ ਦੀ ਰੀਇੰਮਬਰਸਮੈਂਟ ਕੀਤੀ ਜਾਵੇਗੀ। ਇਸ ਲਈ ਪੰਜਾਬ ਦੇ ਸਾਰੇ ਪ੍ਰਾਈਵੇਟ ਸਕੂਲ ਪੋਰਟਲ ਵਿੱਚ ਫੀਸਾਂ ਭਰਨ ਸਮੇਂ ਸਰਕਾਰੀ ਸਕੂਲਾਂ ਦੇ ਬਰਾਬਰ ਨਿਰਧਾਰਿਤ ਕੀਤੀ ਗਈ +1 ਕਲਾਸ ਦੀ ਫੀਸ ਵੱਧ ਤੋਂ ਵੱਧ 1574/- ਰੁ: ਪ੍ਰਤੀ ਸਾਲ ਤੱਕ ਅਤੇ +2 ਕਲਾਸ ਦੀ ਫੀਸ ਵੱਧ ਤੋਂ ਵੱਧ 3000/- ਰੁ:(ਸਮੇਤ ਪ੍ਰੀਖਿਆ ਫੀਸ) ਪ੍ਰਤੀ ਸਾਲ ਤੱਕ ਹੀ ਫੀਸ ਭਰਨ ਤਾਂ ਜੋ ਵਿਭਾਗ ਵੱਲੋਂ ਫੀਸ ਵੈਰੀਫਿਕੇਸ਼ਨ ਸਮੇਂ ਪ੍ਰਾਈਵੇਟ ਸਕੂਲ ਵੱਲੋਂ ਵੱਧ ਭਰੀਆਂ ਗਈਆਂ ਫੀਸਾਂ ਨੂੰ ਰਿਜੈਕਟ ਨਾ ਕਰਨਾ ਪਵੇ। ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਨੱਥੀ : ਭਲਾਈ ਵਿਭਾਗ ਦੀ ਨੋਟੀਫਿਕੇਸ਼ਨ ਮਿਤੀ 22-7-2016 ਅਤੇ 02-08-2017.

12/x/17.
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ)
ਪੰਜਾਬ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਸੰਗਰੂਰ

ਪਿੱਠ ਅੰਕਣ ਨੰਬਰ 7/186-2017 ਕ(2,8)) 42 ਮਿਤੀ 16-10-2017

ਉਪਰੋਕਤ ਦੇ ਉਤਾਰਾ ਜਿਲ੍ਹੇ ਦੇ ਸਮੂਹ ਪ੍ਰਿੰਸੀਪਲ/ਮੁੱਖਅਧਿਆਪਕ, ਸਸਸਸ/ਸਹਸ/ਸਮਿਸ/ਏਡਿਡ/ਪ੍ਰਾਇਵੇਟ ਸਕੂਲਾਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਪੱਤਰ ਦੀ ਪਾਲਣਾ ਇੰਨ-ਬਿੰਨ ਯਕੀਨੀ ਬਣਾਈ ਜਾਵੇ।

16/10/17

ਉੱਪ-ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਸੰਗਰੂਰ

16/10/2017